ੴ ਸਤਿਗੁਰ ਪ੍ਰਸਾਦਿ ॥

# ਜੀਵਨ ਬਿਰਤਾਂਤ

# ਸ਼੍ਰੀ ਗੁਰੂਹਰਿ ਕ੍ਰਿਸ਼ਨ ਸਾਹਿਬ ਜੀ

ਗੁਰੂ ਇਤਿਹਾਸ ਦਾ ਅੱਠਵਾਂ-ਭਾਗ (ਪਰਿਕਰਣ)

**ਮੁੱਖ ਟੀਚਾ**

**ਸਿਰਫ ਸਮੱਸਤ ਜਗਤ ਨੂੰ ਗੁਰੂ ਇਤਿਹਾਸ ਦਾ ਬੋੱਧ ਕਰਾਣਾਂ ਹੀ ਹੈ।**


Radheshyam Choudhary

Type Setting : 98149-66882



ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ



ਲੇਖਕ: ਜਸਬੀਰ ਸਿੰਘ

Ph. : (0172-2696891), 09988160484



Download Free

# ਤੱਤਕਾਰਾ


1. ਜੀਵਨ ਬਿਰਤਾਂਤ ਸ੍ਰੀ ਗੁਰੂਹਰਿਕ੍ਰਿਸ਼ਨ ਸਾਹਿਬ ਜੀ

2. ਗੁਰਗੱਦੀ ਦੀ ਪ੍ਰਾਪਤੀ

3. ਬਾਲ ਗੁਰੂਦੀ ਅਗਵਾਈ ਵਿਚ

4. ਕੁਸ਼ਟ ਰ'ਗੀ ਦਾ ਅਰੋਗ ਹੋਣਾ

5. ਸ੍ਰੀ ਗੁਰੂਹਰਿਕ੍ਰਿਸ਼ਨ ਜੀ ਨੂੰ ਸਮਰਾਟ ਵੱਲੋ

6. ਇੱਕ ਬ੍ਰਾਹਮਣ ਦੇ ਸ਼ੱਕ ਦਾ ਹੱਲ (ਨਿਵਾਰਨ)

7. ਸ੍ਰੀ ਗੁਰੂਹਰਿਕ੍ਰਿਸ਼ਨ ਜੀ ਦਿੱਲੀ ਪਥਾਰੇ

8. ਦਿੱਲੀ ਵਿਚ ਮਹਾਂਮਾਰੀ ਦਾ ਆਤੰਕ

9. ਜੋਤੀ ਜੋਤ ਸਮਾਉਣਾ

# ਜੀਵਨ ਬਿਰਤਾਂਤ ਸ੍ਰੀ ਗੁਰੂਹਰਿਕ੍ਰਿਸ਼ਨ ਸਾਹਿਬ ਜੀ

ਗੁਰੂਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਸ਼੍ਰੀ ਗੁਰੂ ਹਰਿ ਰਾਇ ਜੀ ਦੇ ਗ੍ਰਹਿ ਮਾਤਾ ਕਿਸ਼ਨ ਕੌਰ ਜੀ ਦੀ ਕੁੱਖੋਂ ਸੰਮਤ 1713 ਸਾਉਣ ਮਹੀਨਾ ਸੁਕਲ ਪੱਖ 8 ਨੂੰ ਤਥਾਨੁਸਾਰ 23 ਜੁਲਾਈ 1656 ਨੂੰ ਕੀਰਤਪੁਰ ਸਾਹਿਬ ਪੰਜਾਬ ਵਿਖੇ ਹੋਇਆ। ਆਪ ਗੁਰੂਹਰਿਰਾਇ ਜੀ ਦੇ ਛੋਟੇ ਪੁੱਤਰ ਸਨ। ਆਪ ਜੀ ਦੇ ਵੱਡੇ ਭਰਾ ਰਾਮਰਾਇ ਜੀ ਆਪ ਜੀ ਤੋਂ 1● ਸਾਲ ਵੱਡੇ ਸਨ।

ਸ੍ਰੀ ਹਰਿ ਕ੍ਰਿਸ਼ਨ ਜੀ ਦਾ ਬਚਪਨ ਬਹਤੁ ਹੀ ਲਾਡ ਪਿਆਰ ਨਾਲ ਬਤੀਤ ਹੋਇਆ। ਸਾਰੇ ਪਰਿਵਾਰਿਕ ਮੈਂਬਰਾਂ ਅਤੇ ਨਿਕਟਵਰਤੀ ਲੋਕਾਂ ਨੂੰ ਬਾਲ ਹਰਿਕ੍ਰਿਸ਼ਨ ਦੇ ਭੋਲੇ-ਭਾਲੇ ਮੁੱਖ ਮੰਡਲ ਤੇ ਇੱਕ ਅਲੌਕਿਕ ਆਭਾ ਦਿਖਾਈ ਦੇਂਦੀ ਸੀ ਨੇਤਰਾਂ ਵਿਚ ਕਰੁਣਾ ਦੇ ਭਾਵ ਦ੍ਰਿਸ਼ਟੀਗਾਚਰ ਹੁੰਦੇ ਸਨ। ਛੋਟ ਜਿਹੇ ਵਿਅਕਤੀਤਵ ਵਿਚ ਗਜ਼ਬ ਦਾ ਨੂਰ ਰਹਿੰਦਾ ਸੀ। ਉਨ੍ਹਾਂ ਦੇ ਦਰਸ਼ਨ ਕਰਨ ਨਾਂਲ ਹੀ ਇੱਕ ਆਤਮਿਕ ਸੁੱਖ ਮਿਲਦਾ ਸੀ।

ਗੁਰੂਹਰਿ ਰਾਇ ਜੀ ਆਪਣੇ ਇਸ ਛੋਟੇ ਬੇਟੇ ਵੱਲ ਨਜ਼ਰ ਪਾਉਂਦੇ ਤੇ ਉਨਾਂ ਨੂੰ ਪ੍ਰਤੀਤ ਹੁੰਦਾ ਕਿ ਜਿਵੇਂ ਪ੍ਰਭੂਆਪ ਖੁਦ ਮਾਨਵ ਰੂਪ ਧਾਰਨ ਕਰਕੇ ਕਿਸੇ ਮਹਾਨ ਉਦੇਸ਼ ਦੀ ਪੂਰਤੀ ਲਈ ਇਸ ਘਰ ਵਿਚ ਪਧਾਰੇ ਹੋਣ। ਭਾਵ ਸ੍ਰੀ ਹਰਿ ਕ੍ਰਿਸ਼ਨ ਜੀ ਵਿਚ ਉਨ੍ਹਾਂ ਨੂੰ ਈਸ਼ਵਰੀ-ਪੂਰਨ ਪ੍ਰਤਿਬਿੰਬ ਨਜ਼ਰ ਆਉਂਦਾ। ਉਹ ਹਰਿਕ੍ਰਿਸ਼ਨ ਦੇ ਰੂਪ ਵਿਚ ਅਜਿਹਾ ਪੁੱਤਰ ਪ੍ਰਾਪਤ ਕਰਕੇ ਧਰਮ ਸੰਤੁਸ਼ਟ ਸਨ।

ਗੁਰੂਹਰਿ ਰਾਇ ਜੀ ਨੇ ਦਿੱਬ ਦ੍ਰਿਸ਼ਟੀ ਨਾਲ ਅਨੁਭਵ ਕੀਤਾ ਕਿ ਬਾਲ ਹਰਿਕ੍ਰਿਸ਼ਨ ਦੀ ਮਹਿਮਾ ਭਵਿੱਖ ਵਿਚ ਵਿਸ਼ਵਭਰ ਵਿਚ ਫੈਲੇਗੀ। ਇਸ ਬਾਲਕ ਦਾ ਨਾਮ ਲੋਕ ਆਦਰ ਅਤੇ ਸ਼ਰਧਾ ਨਾਲ ਲਿਆ ਕਰਨਗੇ। ਬਾਲ ਦਾ ਭਵਿੱਖ ਉੱਜਲ ਹੈ। ਇਹ ਉਨ੍ਹਾਂ ਨੂੰ ਦ੍ਰਿਸ਼ਟੀਗੋਚਰ ਹੋ ਰਿਹਾ ਸੀ। ਉਨਾਂ ਦਾ ਵਿਸ਼ਵਾਸ ਰੰਗ ਲਿਆਇਆ। ਸ੍ਰੀ ਹਰਿਕ੍ਰਿਸ਼ ਜੀ ਨੇ ਗੁਰੂ-ਗੱਦੀ ਦੀ ਪ੍ਰਾਪਤੀ ਤੋਂ ਬਾਅਦ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਅ। ਇਸ ਤਰ੍ਹਾਂ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰ ਅੱਖਰ ਵਿਚ ਅੰਕਿਤ ਹੋ ਗਿਆ।

## ਗੁਰ-ਗੱਦੀ ਦੀ ਪ੍ਰਾਪਤੀ

ਸ੍ਰੀ ਗੁਰੂ ਹਰਿ ਰਾਇ ਜੀ ਦੀ ਉਮਰ ਸਿਰਫ 31 ਸਾਲ ਅੱਠ ਮਹੀਨਿਆਂ ਦੀ ਹੀ ਤਾਂ ਉਨ੍ਹ ਨੇ ਆਤਮ-ਗਿਆਨ ਨਾਲ ਅਨੁਭਵ ਕੀਤਾ ਕਿ ਉਨ੍ਹਾਂ ਦੇ ਸੁਆਸਾਂ ਦੀ ਪੂੰਜ ਸਮਾਪਤ ਹੋਣ ਵਾਲੀ ਹੈ, ਇਸ ਲਈ ਉਨ੍ਹਾਂ ਨੇ ਗੁਰੂਨਾਨ ਦੇਵਜੀ ਦੀ ਗੱਦੀ ਦੇ ਅਗਲੇ ਉਤਰਾ-ਅਧਿਕਾਰ ਦੀ ਥਾਂ ਤੇ ਸਿੱਖਾਂ ਦੇ ਅਸ਼ਟਮ (ਅੱਠਵੇਂ) ਗੁਰੂਦੇ ਰੂਪ ਵਿਚ ਸ੍ਰੀ ਹਰਿਕ੍ਰਿਸ਼ਨ ਜੀ ਦੀ ਨਿਯੁਕਤੀ ਦਾ ਐਲਾਨ ਕਰ ਦਿੱਤਾ।

ਇਸ ਐਲਾਨ ਨਾਲ ਸੰਗਤਾਂ ਨੂੰ ਬਹੁਤ ਪ੍ਰਸੰਗਨਤਾ ਹੋਈ। ਸ੍ਰੀ ਹਰਿਕ੍ਰਿਸ਼ਨ ਜੀ ਉਸ ਸਮੇਂ ਸਿਰਫ਼ਪੰਜ ਸਾਲ ਦੇ ਸਨ ਤਾਂ ਵੀ ਗੁਰੂਹਰਿ ਰਾਂਿ ਜੀ ਦੇ ਐਲਾ ਨਾਲ ਕਿਸੇ ਨੂੰ ਵੀ ਇਤਰਾਜ਼ ਨਹੀਂ ਸੀ। ਆਮ ਲ'ਕ ਆਪਣੇ ਗੁਰੂਜੀ ਦੇ ਫੈਸਲੇ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦਾ ਵਿਸ਼ਵ ਸੀ ਕਿ ਸ੍ਰੀ ਹਰਿ ਕ੍ਰਿਸ਼ਨ ਜੀ ਦੇਰੂਪ ਵਿਚ ਅੱਠਵੇਂ ਗੁਰੂ ਸਿੱਖ ਧਰਮ (ਸੰਪਰਦਾਇ) ਦਾ ਕਲਿਆਣਹੀ ਕਰਨਗੇ ਪਰ ਗੁਰ ਹਰਿ ਰਾਇ ਜੀ ਦੇ ਇਸ ਐਲਾਨ ਨਾਲ ਉਨ੍ਹਾਂ ਦੇ ਵੱਡੇ ਪੁੱਤਰ ਰਾਮ-ਰਾਇ ਨੂੰ ਬਹੁਤ ਦੁੱਖ ਹੋਇਆ। ਰਾਮ-ਰਾਇ ਜੀ ਨੂੰ ਗੁਰ ਜੀ ਨੇ ਪੰਥ ਵਿਚੋਂ ਛੇਕਿਅ ਹੋਇਆ ਸੀ। ਉਹ ਉਤਰਾਖੰਡ ਦੇ ਪਰਬਤੀ ਖੇਤਰ ਦੀ ਇੱਕ ਤਲਹੱਟ ਵਿਚ ਨਵਾਂ ਨਗਰ ਵਸਾ ਕੇ ਰਹਿ ਰਹੇ ਸੀ, ਜਿਸਦਾ ਨਾਂ ਕਾਲਾਨੰਤਰ ਵਿਚ ਦੇਹਰਾਦੂਨ ਪ੍ਰਸਿੱਧ ਹੋਇਆ। ਇਹ ਸਥਾਨ ਔਰੰਗਜੇਬ ਨੇ ਤੋਹਫੇ ਦੇ ਰੂਪ ਵਿਚ ਦਿੱਤਾ ਸੀ।

ਰਾਮ ਰਾਇ ਭਲੇ ਹੀ ਆਪਣੇ ਪਿਤ ਜੀ ਦੇ ਇਸ ਫੈਸਲੇ ਤੋਂ ਖੁਸ਼ ਨਹੀਂ ਸਨ ਪਰ ਉਹ ਇਹ ਜਾਣਦੇ ਸਨ ਕਿ ਗੁਰੂਨਾਨਕ ਜੀ ਦ ਗੱਦੀ ਕਿਸੇ ਧਰੋਹਰ (ਵਿਰਾਸਤ) ਨਹੀਂ ਹੈ, ਉਹ ਤਾਂ ਕਿਸੇ ਯੋਗ ਪੁਰਸ਼ ਦੇ ਲਈ ਸੁਰੱਖਿਅਤ ਰਹਿੰਦੀ ਹੈ। ਉਸਦੀ ਚੋਣ ਬਹੁਤ ਸਾਵਧਾਨੀ ਨਾਲ ਕੀਤੀ ਜਾਂਦੀ ਹੈ।

ਸ੍ਰੀ ਗੁਰੂਹਰਿ ਰਾਇ ਜੀ ਆਪਣੇ ਇਸ ਫੈਸਲੇ ਨੂੰ ਅਸਲੀ ਜਾਮ ਪਹਿਨਾਉਣ ਵਿਚ ਜੁੱਟ ਗਏ। ਉਨ੍ਹਾਂ ਨੇ ਇੱਕ ਵਿਸ਼ ਸਮਾਰੋਹ ਦਾ ਪ੍ਰਬੰਧ  ਕੀਤਾ, ਜਿਸ ਵਿਚ ਸਿੱਖ ਪਰੰਪਰਾ ਅਨੁਸਾਰ ਵਿਧੀਪੂਰਕ ਹਰਿ ਕ੍ਰਿਸ਼ਨ ਜੀ ਨੂੰ ਤਿਲਕ ਲਗਾ ਕੇ ਗੁਰ-ਗੱਦੀ ਤੇ ਬਿਰਾਜਮਾ ਕਰ ਦਿੱਤਾ। ਇਹ ਸ਼ੁਭ ਕੰਮ ਸਾਉਣ ਦੇ ਸ਼ੁਕ ਪੱਖ 1● ਸੰਮਤ 1718 ਤਥਾਨੁਸਾ ਕੀਤਾ।

ਇਸ ਤੋਂ ਬਾਅਦ ਸ੍ਰੀ ਗੁਰੂਹਰਿ ਰਾਇ ਜੀ ਕੱਤ ਸੰਮਤ 1718 ਨੂੰ ਪਰਲੋਕ ਸਿਧਾ ਗਏ। ਇਸ ਤਰ੍ਹਾਂ ਸਮੁੱਚੀ ਸਿੱਖ ਸੰਗ ਬਾਲ ਗੁਰੂਜੀ ਨੂੰ ਗੁਰੂਦੇ ਰੂਪ ਵਿਚ ਪਾ ਕੇ ਬਹੁਤ ਹੀ ਖੁਸ਼ ਸੀ।

## ਬਾਲ ਗੁਰੂਦੀ ਅਗਵਾਈ ਵਿਚ

ਸ੍ਰੀ ਗੁਰੂਹਰਿ ਰਾਇ ਜੀ ਦੇ ਜੋਤੀ-ਜੋਤ ਸਮਾਓ ਤੋਂ ਬਾਅਦ ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਦੀ ਅਗਵਾਈ ਵਿਚ ਕੀਰਤਪੁਰ ਸਾਹਿਬ ਵਿਖੇ ਸਾਰੇ ਪ੍ਰੋਗਰਾਮ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਸਨ। ਦੀਵਾਨ ਸੱਜਦਾ ਸੀ, ਸੰਗਤ ਜੁੜਦੀ ਸੀ। ਭਜਨ ਕੀਰਤਨ ਹੁੰਦਾ ਸੀ। ਪਹਿਲੇ ਗੁਰੂਆਂ ਦੀ ਬਾਣੀ ਉਚਾਰਨ ਕੀਤੀ ਜਾਂਦੀ ਸੀ। ਲੰਗਰ ਨਿਰੰਤ ਚਲਦ ਸੀ। ਆਮ ਲੋਕ ਬਾਲ ਗੁਰੂਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰਕੇ ਸੰਤੁਸ਼ਟੀ ਪ੍ਰਾਪਤ ਕਰਦੇ ਸਨ।

ਗੁਰੂਹਰਿਕ੍ਰਿਸ਼ਨ ਜੀ ਸੰਸਾਰਕ ਦ੍ਰਿਸ਼ਟੀ ਤੋਂ ਭਾਵੇਂ ਅਜੇ ਬਾਲਕ ਸਨ ਪਰ ਆਤਮਿਕ ਬਲ ਅਥਵਾ ਤੇਜਸਵੀ ਦੀ ਦ੍ਰਿਸ਼ਟੀ ਤੋਂ ਪੂਰ ਸਨ। ਅਨੇਕ ਸੇਵਾਦਾਰ ਉਨ੍ਹਾਂ ਦੀ ਦੀ ਸੇਵਾ ਵਿਚ ਸਹਾਇਤਾ ਲਈ ਤਤਪਰ ਖੜ੍ਹੇ ਰਹਿੰਦੇ ਸਨ। ਮਾਤਾ ਸ੍ਰੀਮਤੀ ਕਿਸ਼ਨ ਕੌਰ ਜੀ ਸਦਾ ਉਨ੍ਹਾਂ ਦੇ ਨਾਲ ਰਹਿ ਕੇ ਉਨ੍ਹਾਂ ਦੀ ਸਹਾਇਤਾ ਲਈ ਹਰਦਮ ਤਿਆਰ ਰਹਿੰਦੇ

ਸਨ, ਭਾਵੇਂ ਉਹ ਕੋਈ ਠੋਸ ਭੂਮਿਕਾ ਨਹੀਂ ਨਿਭ ਰਹੇ ਸਨ ਤਾਂ ਵੀ ਭਵਿੱਖ ਵਿਚ ਸਿੱਖ ਪੰਥ ਉਨ੍ਹਾਂ ਤੋਂ ਬਹੁਤ ਸਾਰੀਆਂ ਆਸਾਂ ਉਮੀਦਾਂ ਲਗਾਈ ਬੈਠਾ ਸੀ। ਉਨ੍ਹਾਂ ਦੀ ਮੌਜੂਦਗੀ ਦਾ ਕੁਝ ਅਜਿਹਾ ਪ੍ਰਤਾਪ ਸੀ ਕਿ ਸਭ ਕੁਝ ਸੁਚਾਰੂਰੂਪ ਵਿਚ ਚਲ ਰਿਹਾ ਸੀ। ਸਮੂਹ ਸੰਗਤ ਅਤੇ ਭਗਤਾਂ ਦਾ ਵਿਸ਼ਵਾ ਸੀ ਕਿ ਇੱਕ ਦਿਨ ਵੱਡ ਹੋ ਕੇ ਗੁਰੂਹਰਿਕ੍ਰਿਸ਼ਨ ਜੀ ਉਨ੍ਹ ਦੀ ਸਫਲ ਅਗਵਾਈ ਕਰਨਗੇ। ਉਨ੍ਹਾਂ ਦੇ ਮਾਰਗ ਦਰਸ਼ਨ ਨਾਲ ਸਿੱਖ ਪੰਥ ਦਿਨ ਪ੍ਰਤੀ ਦਿਨ ਉਨਤੀ ਦੇ ਰਾਹ ਤੋਂ ਅੱਗੇ ਵਧਦਾ ਚਲਾ ਜਾਵੇਗਾ।

## ਕੁਸ਼ਟ-ਰੋਗੀ ਦਾ ਤੰਦਰੁਸਤ ਹੋਣਾ

ਸ੍ਰੀ ਗੁਰ ਹਰਿ ਕ੍ਰਿਸ਼ਨ ਜੀ ਦੀ ਚੰਗਿਆਇ ਕਸਤੂਰੀ ਵਾਂ ਚਾਰੇ ਪਾਸੇ ਫੈਲ ਗਈ। ਦੂਰ-ਦੁਰਾਡੇ ਤੋਂ ਸੰਗਤ ਬਾਲ ਗੁਰੂਦੇ ਦਰਸ਼ਨਾ ਨੂੰ ਉੱਮੜ ਪਈ। ਆਮ ਲੋਕਾਂ ਨੂੰ ਮਨ-ਮੰਗੀਅ ਮੁਰਾਦਾਂ ਪ੍ਰਾਪਤ ਹੋਣ ਲੱਗੀਆਂ। ਸੁਭਾਵਿਕ ਹੀ ਸੀ ਉਨ੍ਹਾਂ ਦੇ ਜੱਸ ਦਾ ਗੁਣ-ਗਾਨ ਪਿੰਡ-ਪਿੰਡ ਨਗਰ-ਨਗਰ ਹੋਣ ਲੱਗਾ। ਖਾਸ ਕਰਕੇ ਲਾਇਲਾਜ ਰੋਗੀ ਆਪ ਜੀ ਦੇ ਦਰਬਾਰ ਵਿਚ ਬੜੀ ਆਸ ਲੈ ਕੇ ਦੂਰ-ਦੂਰ ਤੋਂ ਪਹੁੰਚਦੇ। ਟਾਪ ਕਿਸੇ ਨੂੰ ਉਹ ਨਿਰਾਸ਼ ਨਹੀਂ ਕਰਦੇ ਸਨ। ਆਪ ਜੀ ਦਾ ਇੱਕ ਮਾਤਰ ਉਦੇਸ਼ ਮਾਨਵਤਾ ਦਾ ਭਲਾ ਸੀ। ਇੱਕ ਦਿਨ ਕੁਝ ਬ੍ਰਾਹਮਣਾਂ ਦੁਆਰਾ ਸਿਖਾਏ ਗਏ ਕੁਸ਼ਟ ਰੋਗੀ ਨੇ ਆਪ ਜੀ ਦੀ ਪਾਲਕੀ ਦੇ ਅੱਗੇ ਲੇਟ ਕੇ ਉੱਚੇ ਸੁਰ ਵਿਚ ਆਪ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਹੇ ਗੁਰੂ। ਮੈਨੂੰ ਕੁਸ਼ਟ ਰੋਗ ਤੋਂ ਮੁਕਤ ਕਰੋ। ਉਸਦੀ ਕਰੁਣਾਮਈ ਵਿਰਲਾਪ ਨਾਲ ਗੁਰੂਜੀ ਦਾ ਮਨ ਦਇਆ ਨਾਲ ਭਰ ਗਿਾ। ਉਨ੍ਹਾਂ ਨੇ ਉਸਨੂੰ ਉਸ ਸਮੇਂ ਹੱਥ ਦਾ ਰੁਮਾਲ ਭਰ ਗਿਅ। ਉਨ੍ਹਾਂ ਨੇ ਉਸਨੂੰ ਉਸ ਸਮੇਂ ਹੱਥ ਦਾ ਰੁਮਾਲ ਦਿੱਤਾ ਅਤੇ ਬਚਨ ਕੀਤਾ ਕਿ ਇਸ ਰੁਮਾਲ ਨੂੰ ਕੁਸ਼ਟ ਰੋਗ ਵਾਲੀ ਥਾਤੇ ਫੇਰੋ, ਰੋਗ ਮੁਕਤ ਹੋ ਜਾਵੋਗੇ। ਇਵੇਂ ਹੀ ਹੋਇਆ, ਬਸ ਫੇਰ ਕੀ ਸੀ ਆਪ ਜੀ ਦੇ ਦਰਬਾਰ ਦੇ ਬਾਹਰ ਦੀਰਘ ਬਿਮਾਰੀਆਂ ਵਾਲੇ ਰੋਗੀਆਂ ਦਾ ਤਾਂਤਾ ਹੀ ਲੱਗਿਆ ਰਹਿੰਦਾ ਸੀ। ਜਦੋਂ ਗੁਰੂ ਜੀ ਦਰਬਾਰ ਸਮਾਨ ਤੋਂ ਬਾਅਦ ਬਾਹਰ ਖੁੱਲ੍ਹੇ ਵਿਹੜੇ ਵਿਚ ਆਉਂਦੇ ਤਾਂ ਆਪ ਜੀ ਦੀ ਦ੍ਰਿਸ਼ਟੀ ਜਿਸ ਉੱਤੇ ਵੀ ਪੈਂਦੀ, ਉਹ ਨਿਰੋਗ ਹੋ ਜਾਂਦਾ, ਇਸੇ ਤਰ੍ਹਾਂ ਦਿਨ ਬੀਤਣ ਲੱਗੇ।

## ਸ੍ਰੀ ਹਰਿਕ੍ਰਿਸ਼ਨ ਜੀ ਨੂੰ ਰਾਜੇ ਵਲੋਂ ਦਿੱਲੀ ਸੱਦਾ

ਦਿੱਲੀ ਵਿਚ ਰਾਮਰਾਇ ਜੀ ਨੇ ਅਫਵਾਹ ਫੈਲਾਈ ਹੋਈ ਸੀ ਕਿ ਗੁਰੂਹਰਿਕ੍ਰਿਸ਼ਨ ਜੀ ਤਾਂ ਅਜੇ ਛੋਟੇ ਜਿਹੇ ਬਾਲ ਹਨ, ਉਨ੍ਹ ਤੋਂ ਗੁਰਗੱਦੀ ਦਾ ਕਾਰਜ ਭਾਰ ਨਹੀ ਸੰਭਾਲਿਆ ਜਾਵੇਗਾ। ਪਰ ਕੀਰਤਪੁਰ ਸਾਹਿਬ (ਪੰਜਾਬ) ਤੋਂ ਆਉਣ ਵਾਲੇ ਸਮਾਚਾਰ ਇਸ ਭਰ ਤੋਂ ਉਲਟ ਦੇ ਰਹ ਸਨ। ਭਾਵੇਂ ਗੁਰੂ ਹਰਿ ਕ੍ਰਿਸ਼ ਜੀ ਸਾਢੇ ਪੰਜ ਸਾਲ ਦੇ ਹੀ ਸਨ ਪਰ ਫੇਰ ਵੀ ਉਨ੍ਹਾਂ ਨੇ ਆਪਣੀ ਪੂਰਨ ਵਿਵੇਕ ਬੁੱਧੀ ਦਾ ਪ੍ਰਮਾਣ ਦਿੱਤਾ। ਸੰਗਤਾਂ ਦਾ ਉਚਿਤ ਮਾਰਗ-ਦਰਸ਼ ਕੀਤਾ। ਸਿੱਟੇ ਵਜੋਂ ਰਾਮਰਾਇ ਦੀ ਅਫਵਾਹ ਪੂਰੀ ਤਰ੍ਹਾਂ ਅਸਫਲ ਰਹੀ। ਗੁਰੂਹਰਿ ਕ੍ਰਿਸ਼ਨ ਜੀ ਦਾ ਤੇਜ ਪ੍ਰਤਾਪ

ਵੱਧਦਾ ਹੀ ਚਲਾ ਗਿਆ। ਇਸ ਗੱਲ ਤੋਂ ਤੰਗ ਆ ਕ ਰਾਮਰਾਇ ਨੇ ਸਮਰਾਟ ਔਰੰਗਜੇਬ ਨੂੰ ਉਕਸਾਇਅ ਕਿ ਉਹ ਸ੍ਰੀ ਹਰਿ ਕ੍ਰਿਸ਼ਨ ਜੀ ਤ ਉਨ੍ਹਾਂ ਦੇ ਆਤਮਿਕ ਬਲ ਦਾ ਚਮਤਕਾਰ ਦੇਖਣ ਪਰ ਬਾਦਸ਼ਾਹ ਨੂੰ ਇਸ ਗੱਲ ਵਿਚ ਜਿਆਦਾ ਰੁਚੀ ਨਹੀਂ ਸੀ। ਉਹ ਪਹਿਲਾਂ ਰਾਮਰਾਇ ਜੀ ਤੋਂ ਬਹੁਤ ਸਾਰੇ ਚਮਤਕ ਦੇਖ ਚੁੱਕਾ ਸੀ। ਜਿਹੜੇ ਕਿ ਉਨਾਂ ਨੇ ਮਦਾਰੀ ਦੀ ਤਰ੍ਹਾ ਦਿਖਾਏ ਸਨ। ਅੰਤ ਗੱਲ ਆਈ ਹੋ ਗਈ। ਪਰ ਰਾਮਰਾਇ ਨੂੰ ਈਰਖਾਵੱਸ ਸ਼ਾਂਤੀ ਨਹੀਂ ਸੀ ਉਹ ਕਿਸੇ ਨਾ ਕਿਸੇ ਬਹਾਨੇ ਆਪਣੇ ਛੋਟੇ ਭਰਾ ਦੇ ਮੁਕਾਬ ਆਪਣਾ ਵੱਡਾਪਣ ਦਿਖਾਉਣ ਚਾਹੁੰਦਾ ਸੀ। ਇਸ ਲਣ ਮੌਕਾ ਮਿਲਦੇ ਹੀ ਇਕ ਦਿ ਉਸਨੇ ਬਾਦਸ਼ਾਹ ਔਰੰਗਜੇ ਨੂੰ ਫਿਰ ਉਕਸਾਇ ਕਿ ਉਸਦਾ ਛੋਟਾ ਭਰਾ ਗੁਰੂਨਾਨਕ ਦੇਵ ਜੀ ਦੀ ਗੱਦੀ ਦਾ ਅੱਠਵਾਂ ਉਤਰਾਧਿਕਾਰੀ ਹੈ, ਸੁਭਾਵਕ ਹੀ ਹੈ ਕਿ ਉਹ ਸਰਬਕਲਾ ਸਮਰੱਥ ਹੋਣਾ ਚਾਹੀਦਾ ਹੈ ਕਿਉਂਕਿ ਉਸ ਨੂੰ ਗੁਰੂ-ਜੋਤ ਪ੍ਰਾਪਤ ਹੋਈ ਹੈ। ਉਹ ਜੋ ਚਾਹੇ ਉਹੀ ਕਰ ਸਕਦਾ ਹੈ। ਅਜੇ ਉਹ ਬਾਲ ਹੈ, ਇਸ ਲਣ ਆਪ ਉਸਨੂੰ ਦਿੱਲੀ ਬੁਲਾ ਕੇ ਆਪਣੇ ਪੱਖ ਵਿਚ ਕਰ ਸਕਦੇ ਹੋ ਜਿਸ ਨਾਲ ਪ੍ਰਸ਼ਾਸਨਿਕ ਕਾਰਵਾਈ ਵਿਚ ਆਪ ਨੂੰ ਇਸ ਤੋਂ ਲਾਭ ਹੋ ਸਕਦਾ ਹੈ।

ਸਮਰਾਟ ਨੂੰ ਇਹ ਗੱਲ ਬਹੁਤ ਚੰਗੀ ਲੱਗੀ। ਉਹ ਸੋਚਣ ਲੱਗ ਕਿ ਕਿਸ ਤਰ ਰਾਮਰਾਇ ਮੇਰਾ ਮਿੱਤਰ ਬਣ ਗਿਆ। ਜੇਕਰ ਸ੍ਰ ਹਰਿ ਕ੍ਰਿਸ਼ਨ ਨਾਲ ਮਿੱਤਰਤਾ ਹੋ ਜਾਵੇ ਤਾਂ ਕੁਝ ਅਸੰਭਵ ਗੱਲਾਂ ਵੀ ਸੰਭਵ ਹੋ ਜਾਣਗੀਆਂ, ਜੋ ਬਾਅਦ ਵਿ ਰਾਜ-ਭਾਗ ਦੇ ਹਿੱਤ ਵਿਚ ਸਿੱਧ ਹੋ ਸਕਦੀਆਂ ਹਨ, ਕਿਉਂਕਿ ਇਨ੍ਹਾ ਗੁਰੂਆਂ ਦੀ ਦੇਸ਼ ਭਰ ਵਿਚ ਬਹੁਤ ਮਹਾਨਤਾ ਤੇ ਮਾਨਤਾ ਹੈ।

ਹੁਣ ਸੁਆ ਇਹ ਸੀ ਕਿ ਸ੍ਰੀ ਗੁਰੂਹਰਿਕ੍ਰਿਸ਼ਨ ਜੀ ਨੂੰ ਦਿੱਲੀ ਕਿਵੇਂ ਬੁਲਾਇਆ ਜਾਵੇ। ਇਸ ਸਮੱਸਿਆ ਦਾ ਹੱਲ ਵੀ ਕੱਢ ਲਿਆ ਗਿਆ ਕਿ ਹਿੰਦ ਦੁਆਰਾ ਆਦਰ ਸਾਹਿਤ ਸੱਦਾ ਭੇਜਆ ਜਾਵੇ ਤਾ ਗੱਲ ਬਣ ਜਾਵੇਗੀ। ਇਸ ਤਰਕੀਬ ਨੂੰ ਅਮਲ ਵਿਚ ਲਿਆਉਣ ਲਈ ਉਸਨੇ ਮਿਰਜਾ ਰਾਜਾ ਜੈ ਸਿੰਘ ਨੂੰ ਆਦੇਸ਼ ਦਿੱਤਾ ਕਿ "ਤੂੰ ਗੁਰੂਘ ਦਾ ਸੇਵਕ ਹੈ ਇਸ ਕਰਕ ਕੀਰਤਪੁ ਸਾਹਿਬ ਤੋਂ ਸ੍ਰੀ ਗੁਰ ਹਰਿ ਕ੍ਰਿਸ਼ਨ ਜੀ ਨੂੰ ਸੱਦਾ ਦੇ ਕੇ ਦਿੱਲੀ ਬੁਲਾ ਲਵੋ। ਮਿਰਜਾ ਰਾਜਾ ਜੈ ਸਿੰਘ ਨੇ ਸਮਰਾਟ ਨੂੰ ਭਰੋਸਾ ਦਿਵਾਇਆ ਕਿ ਉਹ ਇਹ ਕੰਮ ਸਫਲਤਾਪੂਰਵਕ ਕਰ ਦੇਵੇਗਾ। ਉਸਨੇ ਇਹ ਕੰਮ ਆਪਣੇ ਦੀਵਾਨ ਪਰਸਰਾਮ ਨੂੰ ਸੌਂ ਦਿੱਤਾ। ਉਹ ਬਹੁ ਯੋਗ ਅਤੇ ਬੁੱਧੀਮਾ ਮਨੁੱਖ ਸੀ। ਇਸ ਤਰ੍ਹਾ ਜੈ ਸਿੰਘ ਨੇ ਆਪਣੇ ਦੀਵਾਨ ਪਰਸਰਾਮ ਨੂੰ ਸੌਂ ਦਿੱਤਾ। ਉਹ ਬਹੁਤ ਯੋਗ ਅਤੇ ਬੁਧੀਮਾਨ ਮਨੁੱਖ ਸੀ। ਇਸ ਤਰ੍ਹਾਂ ਜੈ ਸਿੰਘ ਨੇ ਆਪਣੇ ਦੀਵਾਨ ਪਰਸਰਾਮ ਨੂੰ ਪੰਜਾਹ ਘੋੜ ਸਵਾਰ ਦਿੱਤੇ ਅਤੇ ਕਿਹ ਕਿ ਮੇਰੇ ਵਲੋਂ ਕੀਰਤਪੁਰ ਸਾਹਿਬ ਜਾ ਕੇ ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਨੂੰ ਦਿੱਲ ਆਉਣ ਲਈ ਬੇਨਤੀ ਕਰੋ। ਉਨ੍ਹਾਂ ਨੂੰ ਬਹੁਤ ਆਦਰ ਨਾਲ ਪਾਲਕ ਵਿਚ ਬਿਠ ਕੇ ਪੂਰੀ ਤਰ੍ਹਾਂ ਸੁਰੱਖਿਆ ਨਾਲ ਦਿੱਲੀ ਲੈ ਕੇ ਆਵੋ। ਜਿਵੇਂ 196● ਈ. ਵਿਚ ਔਰੰਗਜੇਬ ਨੇ ਸ੍ਰੀ ਗੁਰੂਹਰਿ ਰਾਇ ਜੀ ਨੂੰ ਦਿੱਲੀ ਆਉਣ ਲਣ ਬੁਲਾਵਾ ਭੇਜਿਆ ਸੀ, ਉਸੇ ਤਰ੍ਹਾਂ ਹੀ ਹੁਣ 1964 ਈ ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਨੂੰ ਸੱਦਾ

ਭੇਜਿਆ ਗਿਆ। ਸਿੱਖ ਸੰਪਰਦਾਇ ਦੇ ਲਈ ਇਹ ਇੱਕ ਪ੍ਰੀਖਿਆ ਦਾ ਸਮਾਂ ਸੀ। ਸ੍ਰੀ ਗੁਰੂਅਰਜਨ ਦੇਵ ਜੀ ਵੀ ਜਹਾਂਗੀਰ ਦੇ ਰਾਜਕਾਲ ਵਿਚ ਲਾਹੌਰ ਰਾਏ ਸੀ ਅਤੇ ਸ੍ਰੀ ਗੁਰੂਹਰਿਗੋਬਿੰਦ ਸਾਹਿਬ ਵੀ ਗਵਾਲੀਅਰ ਗਏ ਸਨ। ਵਿਵੇਕ-ਬੁੱਧ ਨਾਲ ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਨੇ ਸਭ ਤੱਥਾਂ ਤੇ ਵਿਚਾਰ-ਚਰਚਾ ਕੀਤੀ। ਤਦ ਤੱਕ ਗੁਰੂਸਾਹਿਬ ਦੀ ਉਮਰ ਸੱਤ ਸਾਲ ਦੀ ਹੋ ਚੁੱਕੀ ਸੀ। ਮਾਤਾ ਕਿਸ਼ਨ ਕੌਰ ਜੀ ਨੇ ਦਿੱਲੀ ਦੇ ਬੁਲਾਵੇ ਨੂੰ ਬਹੁਤ ਗੰਭੀਰਤਾ ਨਾਲ ਲਿਆ।

ਉਨਾ ਨੇ ਸਾਰੇ ਮੁੱਖ ਸੇਵਕਾਂਨੂੰ ਚੌਕੰਨਾ ਕੀਤਾ ਕਿ ਨਿਰਣਾ ਲੈਣ ਵਿਚ ਕੋਏ ਲਾਪਰਵਾਹੀ (ਭੁੱਲ) ਨਹੀਂ ਹੋਣੀ ਚਾਹੀਦੀ।

ਗੁਰੂਦੇਵ ਨੇ ਦੀਵਾਨ ਪਰਸਰਾਮ ਦੇ ਅੱਗੇ ਇੱਕ ਸ਼ਰਤ ਰੱਖੀ ਕਿ ਉਹ ਸਮਰਾ ਔਰੰਗਜੇਬ ਨੂੰ ਕਦੇ ਨਹੀਂ ਮਿਲਣਗੇ। ਉਨ੍ਹਾਂ ਨੂੰ ਕੋਏ ਮਜ਼ਬੂਰ ਨਹੀਂ ਕਰੇਗਾ ਕਿ ਉਨ੍ਹਾ ਵਿਚ ਕੋਈ-ਵਿਚਾਰ ਗੋਸ਼ਟੀ ਕੇਵ ਗੁਰੂਜੀ ਨੂੰ ਦਿੱਲ ਲੈ ਕੇ ਆਉਣ ਦਾ ਸੀ। ਇਸ ਲਈ ਉਸਨੇ ਇਹ ਸ਼ਰਤ ਸਵੀਕਾਰ ਕਰ ਲਈ।

ਦੀਵਾਨ ਪਰਸਰਾਮ ਨੇ ਮਾਤਾ ਕਿਸ਼ਨ ਕੌਰ ਜੀ ਨੂੰ ਭਰੋਸਾ ਦਿੱਤਾ ਅਤੇ ਕਿਹਾ, "ਤੁਸੀਂ ਚਿੰਤਾ ਨਾ ਕਰ'। ਮੈਂ ਖੁਦ ਗੁਰੂਜੀ ਜਦੀ ਪੁਰਨ ਸੁਰੱਖਿਅ ਦੇ ਲਈ ਤੈਨਾਤ ਰਹਾਂਗਾ। ਤਦ ਦਿੱਲੀ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਜਿਸਨੇ ਵੀ ਸੁਣਿਆ ਕਿ ਸ੍ਰੀ ਗੁਰੂਹਰਿ ਕ੍ਰਿਸ਼ਨ ਨੂੰ ਔਰੰਗਜੇਬ ਨੇ ਦਿੱਲੀ ਬੁਲਾਇਆ ਹੈ, ਉਹੀ ਉਦਾਸ ਹੋ ਜਾਂਦਾ। ਗੁਰੂਜੀ ਦੀ ਗੈਰ ਹਾਜ਼ਬਹ ਸਭ ਲਈ ਅਸਹਿ ਸੀ ਪਰ ਸਭ ਮਜਬੂਰ ਸਨ। ਵਿਦਾਈ ਦੇ ਸਮੇਂ ਪੂਰੀ ਲੋਕਾਈ ਉਮੜ ਪਈ। ਗੁਰੂਜੀ ਨੇ ਸਾਰੇ ਸ਼ਰਧਾਲੂਅ ਨੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਕ੍ਰਿਤਾਅਰਥ ਕੀਤਾ ਅਤੇ ਦਿੱਲੀ ਵੱਲ ਚਾਲੇ ਪਾ ਦਿੱਤੇ।

## "ਇੱਕ ਬ੍ਰਾਹਮਣ ਦੇ ਸ਼ੱਕ ਦਾ ਨਿਵਾਰਨ"

ਕੀਰਤਪੁਰ ਸਾਹਿਬ ਤੋਂ ਦਿੱਲ ਪੌਣੇ ਦੋ ਸੌ ਮੀਲ ਦੀ ਦੂਰੀ ਤੇ ਸਥਿਤ ਹੈ। ਗੁਰੂਜੀ ਦੇ ਨਾਲ ਵੱਡੀ ਗਿਣਤੀ ਵਿ ਸੰਗਤ ਵੀ ਚੱਲ ਪਈ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਆ ਜੀ ਨੇ ਅੰਬਾਲਾ ਸ਼ਹਿਰ ਦੇ ਨੇੜ ਪੰਜੋਖਰਾ ਨਾਮਕ ਸਥਾਨ ਤੋਂ ਤੰਬੂਲਗਾ ਕੇ ਡੇਰਾ ਲਾ ਲਿਆ। ਸੰਗਤ ਨੂੰ ਆਦੇਸ਼ ਦਿੱਤਾ ਕਿ ਸਭ ਵਾਪਸ ਮੁੜ ਜਾਣ। ਪੰਜੋਖਰਾ ਪਿੰਡ ਦੇ ਇੱਕ ਪੰਡਿਤ ਨੇ ਡੇਰੇ ਦੀ ਵਿਲੱਖਣਤਾ ਤੋਂ ਪ੍ਰਭਾਵਿਤ ਹੋ ਕੇ ਨਾਲ ਆਏ ਸਿੱਖਾਂ ਤੋਂ ਪੁੱਛਿਆ ਕਿ ਇੱਥੇ ਕੌਣ ਆਏ ਹਨ? ਜੁਆਬ ਵਿਚ ਸਿੱਖਾਂ ਨੇ ਦੱਸਿਆ ਕਿ ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਮਹਾਰਾਜ ਦਿੱਲੀ ਜਾ ਰਹੇ ਹਨ। ਉਨ੍ਹਾਂ ਦਾ ਹੀ ਇਹ ਡੇਰਾ ਹੈ। ਇਹ ਸੁਣ ਕੇ ਪੰਡਿਤ ਜੀ ਚਿੜ ਗਏ ਕਿ ਦੁਆਪਰ ਵਿਚ ਸ੍ਰੀ ਕ੍ਰਿਸ਼ਨ ਜੀ ਅਵਤਾਰ ਹੋਏ।

ਉਨ੍ਹਾਂ ਨੇ ਗੀਤਾ ਰਚੀ ਸੀ। ਜੇਕਰ ਇਹ ਬਾਲਕ ਆਪਣੇ ਆਪ ਹਰਿ ਕ੍ਰਿਸ਼ਨ ਕਹਾਉਂਦਾ ਹੈ ਤਾਂ ਭਗਵਤ ਗੀਤਾ ਦੇ ਕਿਸੇ ਇੱਕ ਸਲੋਕ ਦਾ ਅਰਥ ਕਰਕੇ ਦੱਸ ਦੇਵ ਤਾਂ ਅਸੀਂ ਮੰਨ ਜਾਵਾਂਗੇ। ਇਹ ਵਿਅੰਗ ਜਲਦੀ ਹੀ

ਗੁਰੂਜੀ ਤੱਕ ਪਹੁੰਚ ਗਿਆ। ਉਨ੍ਹਾਂ ਨੇ ਪੰਡਿਤ ਜੀ ਨੂੰ ਬੁਲਾਵਾ ਭੇਜਿਆ ਅਤੇ ਕਿਹਾ ਕਿ ਪੰਡਤ ਜੀ ਤੁਹਾਡੀ ਸ਼ੰਕ ਨਿਰਾਧਾਰ ਹੈ। ਜੇਕਰ ਅਸੀਂ ਤੁਹਾਡੀ ਇੱਛਾ ਅਨੁਸਾਰ ਗੀਤਾ ਦੇ ਅਰਥ ਕਰ ਵੀ ਦਿੱਤੇ ਤਾਂ ਵੀ ਤੁਹਾਡੇ ਭਰਮ-ਭੁਲੇਖੇ ਦਾ ਹੱਲ ਨਹੀਂ ਹੋਵੇਗਾ ਕਿਉਂਕਿ ਤੁਸੀਂ ਇਹੋ ਸੋਚੋਗੇ ਕਿ ਵੱਡੇ ਘਰ ਦੇ ਬੱਚੇ ਹਨ, ਸੰਸਕ੍ਰਿਤ ਦਾ ਅਧਿਐਨ ਕਰ ਲਿਆ ਹੋਣਾ ਹੈ ਆਦਿ। ਪਰ ਅਸੀਂ ਤੁਹਾਨੂੰ ਗੁਰੂਨਾਨਕ ਦੇ ਘਰ ਦੀ ਮਹਿਮਾ ਤੋਂ ਜਾਣੂਕਰਵਾਉਣਾ ਚਾਹੁੰਦੇ ਹਾਂ ਇਸ ਲਈ ਤੁਸੀਂ ਕੋਇ ਵੀ ਵਿਅਕਤੀ ਲੈ ਆਵੋ, ਜਿਹੜਾ ਤੁਹਾਨੂੰ ਅਯੋਗ ਦਿਖਾਈ ਦੇਂਦਾ ਹੋਵੇ, ਗੁਰੂਨਾਨਕ ਦੇਵ ਜੀ ਦੇ ਉਤਰਾਧਿਕਾਰੀ ਹੋਣ ਦੇ ਨਾਤੇ ਅਸੀ ਉਸਤੋਂ ਤੁਹਾਡ ਇੱਛਾ ਅਨੁਸਾ ਗੀਤਾ ਦੇ ਅਰਥ ਕਰਵਾ ਕੇ ਦਿਖਾ ਦਿਆਂਗੇ। ਚੁਣੌਤੀ ਸਵੀਕਾਰ ਕਰਨ ਨਾਲ ਪੂਰੇ ਇਲਾਕੇ ਵਿਚ ਜਗਿਆਸਾ ਫੈਲ ਗਈ ਕਿ ਗੁਰੂਸਾਹਿਬ ਪੰਡਿਤ ਨੂੰ ਕਿਸ ਤਰ੍ਹਾਂ ਸੰਤੁਸ਼ਟ ਕਰਦੇ ਹਨ। ਤਦ ਪੰਡਿਤ ਕ੍ਰਿਸ਼ਨ ਲਾਲ ਇੱਕ ਝਿਊਰ (ਪਾਣੀ ਢੋਣ ਵਾਲੇ) ਨੂੰ ਨਾਲ ਲੈ ਕੇ ਆਇਆ ਜੋ ਗੂੰਗਾ ਤੇ ਬੋਲਾ ਸੀ। ਪੰਡਤ ਨੇ ਗੁਰੂਦੇਵ ਨੂੰ ਕਿਹਾ ਕਿ ਤੁਸੀਂ ਇਸ ਵਿਅਕਤੀ ਤੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਵਾ ਕੇ ਦਿਖਾ ਦੇਵੋ। ਗੁਰੂਜੀ ਨੇ ਝੀਵਰ ਛੱਜੂਰਾਮ ਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਪਾਈ ਅਤੇ ਉਸਦੇ ਸਿਰ ਤੇ ਆਪਣੇ ਹੱਥ ਵਿੱਚ ਫੜੀ ਛੜ ਛੁਆ ਦਿੱਤੀ, ਬਸ ਫੇਰ ਕੀਸੀ, ਛੱਜੂਰਾਮ ਝੀਵਰ ਬੋਲ ਪਿਆ ਅਤੇ ਪੰਡਿਤ ਜੀ ਨੂੰ ਸੰਬੋਧ ਕਰਕੇ ਕਹਿਣ ਲੱਗਾ, ਪੰਡਿਤ ਕ੍ਰਿਸ਼ਨ ਲਾਲਜੀ ਆਪ ਗੀਤਾ ਦੇ ਸਲੋਕ ਉਚਾਰਣ ਕਰੋ। ਪੰਡਿਤ ਜੀ ਹੈਰਾਨੀ ਨਾਲ ਚਾਰੇ ਪਾਸੇ ਦੇਖਣ ਲੱਗੇ। ਉਨ੍ਹਾਂ ਨੂੰ ਮਜ਼ਬੂਰੀ ਵੱਸ ਭਗਵਤ ਗੀਤਾ ਦੇ ਸ਼ਲੋ ਉਚਾਰ ਕਰਨੇ ਪਏ। ਜਿਉਂ ਹੀ ਝੀਵਰ ਛੱਜੂਰਾਮ ਨੇ ਪੰਡਿਤ ਜੀ ਦੇ ਮੁੱਖ ਤੋਂ ਸਲੋਕ ਸੁਣਿਆ ਉਹ ਕਹਿਣ ਲੱਗਾ ਕਿ ਪੰਡਤ ਜੀ ਤੁਹਾਡਾ ਉਚਾਰ ਅਸ਼ੁੱਧ ਹੈ। ਮੈਂ ਤੁਹਾਨੂੰ ਇਸ ਸਲੌਕ ਦਾ ਸ਼ੁਧ ਉਚਾਰਣ ਸੁਣਾਉਂਦਾ ਹਾਂ, ਉਸ ਤੋਂ ਬਾਅਦ ਅਰ ਥਵੀ ਪੂਰਨ ਰੂਪ ਨਾਲ ਸਪੱਸ਼ਟ ਕਰਾਂਗਾ। ਛੱਜੂਰਾਮ ਨੇ ਇਵੇਂ ਹੀ ਕਰ ਵਿਖਾਇਆ ਪੰਡਿਤ ਕ੍ਰਿਸ਼ਨ ਲਾਲ ਨਿਰ ਉੱਤਰ ਹੋ ਗਿਆ। ਉਹ ਗੁਰੂ-ਚਰਨ ਤ ਬਾਰ-ਬਾਰ ਪ੍ਰਨਾ ਕਰਨ ਲੱਗਿਆ।

ਉਪਰੰਤ ਗੁਰੂਜੀ ਨੇ ਉਸਨੂੰ ਕਿਹਾ, "ਤੁਹਾਨੂੰ ਮੇਰੀ ਸ਼ਰੀਰਕ ਉਮਰ ਦਿਖਾਈ ਦਿੱਤੀ ਹੈ, ਜਿਸ ਕਾਰਨ ਤੁਹਾਨੂੰ ਇਹ ਭਰਮ ਹੋ ਗਿਆ ਹੈ। ਅਸਲ ਵਿਚ ਗਿਆਨ ਦਾ ਸ਼ਰੀਰ ਉਮਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹ ਅਵਸਥਾ ਤਾਂ ਪੂਰਬਲੇ ਸੰਸਕਾਰਾਂ ਦੇ ਕਾਰਨ ਕਿਸੇ ਨੂੰ ਵੀ ਕਿਸੇ ਵੀ ਉਮਰ ਵਿਚ ਪ੍ਰਾਪਤ ਹੋ ਸਕਦੀ ਹੈ।

ਤੁਸੀਂ ਸੰਸਕ੍ਰਿਤ ਭਾਸ਼ਾ ਦੇ ਸਲੋਕਾਂ ਦੇ ਅਰਥ ਕਰ ਲੈਣ ਮਾਤਰ ਨੂੰ ਪੂਰਨ-ਪੁਰਸ਼ ਦੀ ਕਸੌਟੀ ਮੰਨ ਲਿਆ ਹੈ, ਜਦ ਕਿ ਇਹ ਵਿਚਾਰਧਾਰਾ ਹੀ ਗਲਤ ਹੈ। ਮਹਾਂਪੁਰ ਹੋਣਾ ਅਥਵਾ ਪੂਰਨ ਗਿਆਨ ਪ੍ਰਾਪਤ ਹੋਣਾ, ਭਾਸ਼ਾ ਗਿਆਨ ਦੀ ਪ੍ਰਾਪਤੀ ਤੋਂ ਉਪਰ ਦੀ ਗੱਲ ਹੈ। ਅਧਿਆਤਮਕ ਦੁਨੀਆਂ ਵਿਚ ਉੱਚ ਆਤਮਕ ਅਵਸਥਾ ਉਸਨੂੰ ਪ੍ਰਾਪਤ ਹੁੰਦੀ ਹੈ ਜਿਸਨੇ ਨਿਸ਼ਕਾਮ ਹੋ ਕੇ ਸਮੁੱਚੀ ਮਾਨਵਤਾ ਦੇ ਕਲਿਆਣ ਲਈ ਕੰਮ ਕੀਤੇ ਹੋਣ ਅਥਵਾ ਜੋ ਆਪਣੇ ਹਰੇਕ ਸੁਆਸ ਨੂੰ ਸਫਲ ਕਰਦਾ ਹੈ। ਜਿਸਦਾ ਮਨ ਪ੍ਰਭੁਚਿੰਤਨ ਵਿਚ ਲੱਗਾ ਰਹਿੰਦਾ ਹੈ।

## ਗੁਰੂਸ੍ਰੀ ਹਰਿ ਕ੍ਰਿਸ਼ਨ ਜੀ ਦਾ ਦਿੱਲੀ ਪਹੁੰਚਣਾ

ਸ੍ਰੀ ਹਰਿ ਕ੍ਰਿਸ਼ਨ ਜੀ ਦੀ ਸਵਾਹਰੀ ਜਦੋਂ ਦਿੱਲੀ ਪਹੁੰਚੀ ਤਾਂ ਰਾਜਾ ਜੈ ਸਿੰਘ ਨੇ ਆਪ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ। ਉਨ੍ਹਾਂ ਨੂੰ ਆਪਣੇ ਬੰਗਲੇ ਵਿਚ ਠਹਿਰਾਇਆ। ਬਹੁਤ ਆਦਰ, ਮਾਣ ਸਤਿਕਾਰ ਕੀਤਾ। ਰਾਜਾ ਜੈ ਸਿੰਘ ਦੇ ਮਹਿਲ ਦੇ ਆਸ-ਪਾਸ ਦੇ ਇਲਾਕੇ ਦਾ ਨਾਮ ਜੈ-ਸਿੰਘ ਪੁਰਾ ਸੀ। ਜੈ ਸਿੰਘ ਦੀ ਰਾਣੀ ਦੇ ਹਿਰਦੇ ਵਿਚ ਗੁਰੂ ਜੀ ਦੇ ਦਰਸ਼ਨਾਂ ਦੀ ਤੀਬ ਇੱਛਾ ਸੀ, ਪਰ ਰਾਣੀ ਦੇ ਮਨ ਵਿਚ ਇੱਕ ਭਰਮ ਨੇ ਜਨਮ ਲਿਆ। ਉਨ੍ਹਾਂ ਦੇ ਮਨ ਵਿਚ ਵਿਚਾਰ ਆਇਆ ਕਿ ਜੇਕਰ ਬਾਲਕ ਗੁਰੂਪੂਰਨ ਗੁਰੂਹੈ ਤੇ ਮੇਰੀ ਗੋਦ ਵਿਚ ਆ ਕੇ ਬੈਠੇ। ਉਸਨੇ ਇਸ ਪ੍ਰੀਖਿਆ ਦੀ ਪਰਖ ਲਈ ਆਪਣੀਅ ਬਹੁਤ ਸਾਰੀਅ ਸਹੇਲੀਆਂ ਨੂੰ ਵੀ ਬੁਲਾਵਾ ਦੇ ਦਿੱਤਾ ਸੀ। ਜਦੋਂ ਗੁਰੂਜੀ ਨੇ ਮਹਿਲ ਵਿਚ ਪ੍ਰਵੇਸ਼ ਕੀਤਾ ਤਾਂ ਉਥ ਬਹੁਤ ਵੱਡੀ ਸੰਖਿਆਂ ਵਿਚ ਔਰਤ ਸੱਜ-ਧੱਜ ਕੇ ਬੈਠੀਆਂ ਗੁਰੂਜੀ ਦੀ ਉਡੀਕ ਕਰ ਰਹੀਆਂ ਸਨ। ਗੁਰੂਜੀ ਆਪਣ ਛੜੀ ਨਾਲ ਛੁਹਾਉਂਦੇ ਹੋਏ ਵਾਰੀ-ਵਾਰੀ ਅੱਗੇ ਵੱਧਦੇ ਕਹਿੰਦੇ ਗਏ ਇਹ ਵੀ ਰਾਣੀ ਨਹੀਂ ਹੈ, ਇਹ ਵੀ ਨਹੀਂ ਹੈ। ਅਖੀਰ ਉਨ੍ਹਾਂ ਨੇ ਰਾਣੀ ਨੂੰ ਲੱਭ ਲਿਆ ਤੇ ਉਸਦੀ ਗੋਦੀ ਵਿਚ ਜਾ ਬੈਠੇ। ਉਸ ਤੋਂ ਬਾਅ ਉਨ੍ਹਾਂ ਨੇ ਕਿਹਾ, ਤੁਸੀ ਮੇਰੀ ਪ੍ਰੀਖਿਅ ਲਈ ਹੈ ਜੋ ਕਿ ਠੀਕ ਗੱਲ ਨਹੀਂ।

ਔਰੰਗਜੇਬ ਨੂੰ ਜਦ ਸੂਚਨਾ ਮਿਲੀ ਕਿ ਅੱਠਵੇ ਗੁਰੂਹਰਿ ਕ੍ਰਿਸ਼ਨ ਜੀ ਦਿੱਲੀ ਰਾਜਾ ਜੈ ਸਿੰਘ ਦੇ ਬੰਗਲੇ ਤੇ ਆਏ ਹਨ ਤਾਂ ਉਸਨੇ ਉਨ੍ਹਾਂ ਨੂੰ ਮਿਲ ਦਾ ਸਮਾਂ ਨਿਯੁਕਤ ਕਰਨ ਬਾਰੇ ਕਿਹਾ। ਪਰ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਸਪੱਸ਼ਟ ਇਨਕਾਰ ਕਰਦੇ ਹੋਏ ਕਿਹ ਕਿ ਅਸੀਂ ਦਿੱਲੀ ਆਉਣ ਤੋਂ ਪਹਿਲਾਂ ਇਹ ਸ਼ਰਤ ਰੱਖੀ ਸੀ ਕਿ ਉਹ ਔਰੰਗਜੇਬ ਨਾਲ ਮੁਲਾਕਾਤ ਨਹੀਂ ਕਰਨਗੇ। ਇਸ ਲਈ ਉਹ ਮੈਨੂੰ ਮਿਲਣ ਦਾ ਕਸ਼ਟ ਨਾ ਕਰਨ। ਬਾਦਸ਼ਾਹ ਨੂੰ ਇਸ ਜੁਆਬ ਦੀ ਉਮ ਨਹੀਂ ਸੀ। ਇਸ ਕੋਰ ਜੁਆਬ ਨੂੰ ਸੁਣ ਕੇ ਉਹ ਬਹੁਤ ਨਿਰਾਸ਼ ਹੋਇਆ ਅਤੇ ਦਬਾਅ ਪਾਉਣ ਲੱਗਾ ਕਿ ਕਿਸੇ ਨਾ ਕਿਸ ਤਰ੍ਹਾਂ ਗੁਰ ਜੀ ਨੂੰ ਮਨਾ ਲਵੋ ਜਿਸ ਨਾਲ ਮੁਲਾਕਾਤ ਸੰਭਵ ਹੋ ਸਕੇ।

## ਦਿੱਲੀ ਵਿਚ ਮਹਾਂਮਾਰੀ ਦਾ ਪ੍ਰਕੋਪ

ਸ੍ਰੀ ਹਰਿ ਕ੍ਰਿਸ਼ਨ ਜੀ ਦੇ ਦਿੱਲੀ ਪਹੁੰਚ ਦੇ ਦਿਨਾਂ ਵਿਚ ਉ ਹੈਜੇ ਦਾ ਰੋਗ ਫੈਲਦਾ ਜਾ ਰਿਹਾ ਸੀ। ਸ਼ਹਿ ਚਿਵ ਮੌਤ ਦਾ ਨੰਗਾ ਨਾਚ ਹੋ ਰਿਹਾ ਸੀ। ਥਾਂ-ਥ ਤੇ ਇਨਸਾਨਾਂ ਦੀਆਂ ਲਾਸ਼ਾ ਦਿਖਾਏ ਦੇ ਰਹੀਆਂ ਸਨ। ਇਸ ਪ੍ਰਕੋਪ ਤੋਂ ਬਚਣ ਲਈ ਲੋਕਾਂ ਨੇ ਤੁਰੰ ਗੁਰੂਜੀ ਦੇ ਚਰਨਾਂ ਵਿਚ ਸ਼ਰਨ ਲਈ ਅਤੇ ਫਰਿਆਦ ਕੀਤੀ ਕਿ ਸਾਨੂੰ ਇਸ ਬਿਮਾਰੀ ਤੋਂ ਛੁਟਕਾਰਾ ਦਿਵਾਇਆ ਜਾਵੇ।

ਗੁਰੂਜੀ ਤਾਂ ਜਿਵੇਂ ਲੋਕਾਂ ਦੇ ਭਲ ਲਈ ਹੀ ਉਥੇ ਪਹੁੰਚ ਸਨ। ਉਨ੍ਹਾਂ ਦਾ ਕੋਮਲ ਦਿਲ ਲੋਕਾਂ ਦੀ ਦਰਦ ਭਰੀ ਫਰਿਆਦ ਸੁਣ ਕੇ ਪਸੀਜ਼ ਗਿਆ। ਅਖੀਰ ਉਨਾਂਨੇ ਸਾਰਿਆਂ ਨੂੰ ਦਿਲਾਸਾ ਦਿੱਤਾ ਅਤੇ ਕਿਹਾ ਪ੍ਰਮਾਤਮਾ ਭਲੀ

ਕਰਨਗੇ। ਤੁਸੀਂ ਸਾਰੇ ਉਸ ਸਰਬਸ਼ਕਤੀਮਾਨ ਉਪਰ ਭਰੋਸਾ ਰੱਖੋ ਅਤੇ ਅਸੀਂ ਅਰਦਾਸ ਕਰਕੇ ਜਿਹੜਾ ਜਲ ਤਿਆਰ ਕੀਤਾ ਹੈ, ਉਸਨੂਪੀਉ, ਸਾਰਿਅ ਦਾ ਦੁੱਖ ਦੂਰ ਹੋ ਜਾਵੇਗਾ। ਸਾਰ ਰੋਗੀਆਂ ਨੇ ਬੜੀ ਸ਼ਰਧਾ ਨਾਲ ਗੁਰੂਜੀ ਦੇ ਪਵਿੱਤਰ ਕਰ ਕਮਲਾਂ ਤੋਂ ਜਲ ਗ੍ਰਹਿਣ ਕਰਕੇ, ਅੰਮ੍ਰਿਤ ਸਮਝ ਕੇ ਪੀ ਲਿਆ ਅਤੇ ਪੂਰੀ ਤਰ੍ਹਾ ਤੰਦਰੁਸਤ ਹੋ ਗਏ। ਇਸ ਤਰ੍ਹਾਂ ਰੋਗੀਆਂ ਦਾ ਗੁਰੂਜੀ ਦੇ ਦਰਬਾਰ ਵਿਚ ਇਕੱਠ ਹੋਣ ਲੱਗਾ। ਅਜਿਹੇ ਹਾਲਾਤਾਂ ਕਰਕੇ ਗੁਰੂਜੀ ਦੇ ਨਿਵਾਸ ਅਸਥਾਨ ਦੇ ਨੇ ਇੱਕ ਬਾਉਤਿਆਰ ਕੀਤੀ ਗਈ, ਜਿਸ ਵਿਚ ਗੁਰੂਜੀ ਦੁਆਰਾ ਪ੍ਰਭੁਭਗਤੀ ਨਾ ਤਿਆਰ ਕੀਤਾ ਜਲ ਪਾ ਦਿੱਤਾ ਜਾਂਦਾ, ਜਿਸ ਨੂੰ ਛਕ ਕੇ ਰੋਗੀ ਪੂਰ ਰੂਪ ਵਿਚ ਤੰਦਰੁਸਤ ਹੋ ਜਾਂਦੇ।

ਜਿਉਂ ਹੀ ਹੈਜੇ ਦਾ ਪ੍ਰਕੋਪ ਖਤਮ ਹੋਇਆ, ਚੇਚਕ ਦੇ ਰੋਗ ਨੇ ਬੱਚਿਆਂ ਨੂੰ ਘੇਰ ਲਿਆ। ਇਸਨੂੰ ਛੂਤ ਦੇ ਰੋਗ ਨੇ ਭਿਆਨਕ ਰੂਪ ਧਾਰਨ ਕਰ ਲਿਆ। ਮਾਵਾਂ ਆਪਣੇ ਬੱਚਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਮੌਤ ਮੂੰਹ ਵਿਚ ਜਾਂਦੇ ਹੋਏ ਨਹੀਂ ਦੇਖ ਸਕਦੀਆਂ ਸਨ। ਗੁਰੂ ਘਰ ਦੀ ਵਡਿਆਈ ਨੇ ਸਾਰੇ ਦਿੱਲ ਨਿਵਾਸੀਆਂ ਨੂੰ ਗੁਰੂਨਾਨਕ ਦੇਵ ਜੀ ਦੇ ਉਤਾਰਾਧਿਕਾਰ ਸ੍ਰੀ ਹਰਿ ਕ੍ਰਿਸ਼ ਜੀ ਦੇ ਦਰ ਤੇ ਖੜਾ  ਦਿੱਤਾ। ਇਸ ਵਾਰ ਸ਼ਹਿਰ ਦੇ ਹਰ ਵਰਗ ਤੇ ਹਰ ਧਰਮ ਦੇ ਲੋਕ ਸਨ। ਲੋਕਾਂ ਦੀ ਸ਼ਰਧ ਭਾਵਨਾਂ ਰੰਗ ਲਿਆਈ, ਸਾਰਿਆਂ ਨੂੰ ਪੂਰਨ ਤੰਦਰੁਸਤ ਹੋਣ ਦਾ ਲਾਭ ਮਿਲਿਆ। ਗੁਰੂਘਰ ਵਿਚ ਸਵੇਰ ਤੋਂ ਹੀ ਰੋਗੀਆਂ ਦਾ ਆਉਣਾ ਸ਼ੁਰੂਹੋ ਜਾਂਦਾ। ਸੇਵਾਦਾਰ ਸੱਚੇ ਮਨ ਨਾਲ ਲੋਕਾਂ ਵਿਚ ਅੰਮ੍ਰਿਤ ਵੰਡਦੇ ਸਨ। ਇਹ ਸੁਭਾਵਿਕ ਹੀ ਸੀ ਕਿ ਲੋਕਾਂ ਦੇ ਦਿਲ ਵਿਚ ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਲਈ ਸ਼ਰਧਾ ਵੱਧਦੀ ਗਈ।

ਇਸ ਤਰ੍ਹਾਂ ਬਾਲ ਗੁਰੂਦੀ ਪ੍ਰਸਿੱਧੀ ਚਾਰੇ ਪਾਸੇ ਫੈਲਣ ਲੱਗੀ। ਉਨ੍ਹਾਂ ਉੱਪਰ ਆਮ ਜਨਤਾ ਦਾ ਵਿਸ਼ਵਾਸ ਹੋਰ ਵੀ ਦ੍ਰਿੜ ਹੋ ਗਿਆ।

## ਸ਼ਰੀਰ-ਤਿਆਗਣ

ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਅਨੇਕਾਂ ਰੋਗੀਆਂ ਨੂੰ ਰੋਗ ਮੁਕਤੀ ਦਿਵਾਈ। ਆਪ ਬਹੁਤ ਹੀ ਕੋਮਲ ਅਤੇ ਦਿਆਲੂਦਿਲ ਦੇ ਮਾਲਕ ਸਨ। ਆਪ ਕਿਸੇ ਨੂੰ ਵੀ ਦੁੱਖੀ ਨਹੀਂ ਦੇਖ ਸਕਦੇ ਸਨ ਅਤੇ ਨਾ ਹੀ ਕਿਸੇ ਦੇ ਵਿਸ਼ਵਾਸ ਅਤੇ ਸ਼ਰਧਾ ਨੂੰ ਟੁੱਟਦਾ ਹੋਇਆ ਵੇ ਸਕਦੇ ਸੀ। ਅਣਗਿਣਤ ਲੋਕ ਆਪ ਜੀ ਦੀ ਕਿਰਪਾ ਦੇ ਪਾਤਰ ਬਣ ਅਤੇ ਪੂਰੀ ਤਰ੍ਹਾ ਤੰਦਰੁਸ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ। ਇਹ ਸਭ ਜਦੋਂ ਉਨਾਂ ਦੇ ਭਰਾ ਰਾਮਰਾਇ ਨੇ ਸੁਣਿਆ ਤਾਂ ਉਹ ਕਹਿਣ ਲੱਗਾ ਕਿ "ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਪਹਿਲੇ ਗੁਰੂਦੇ ਸਿਧਾਤਾਂ ਦੇ ਵਿਰੁੱਧ ਚਲ ਰਹੇ ਹਨ। ਪਹਿਲ ਗੁਰੂਕੁਦਰਤ ਦੇ ਵਰਤਾਰੇ ਵਿਚ ਕੋਇ ਦਖਲ ਨਹੀਂ ਦਿੰਦੇ ਸਨ ਅਤੇ ਨਾ ਹੀ ਸਾਰੇ ਰੋਗੀਅ ਨੂੰ ਤੰਦਰੁਸਤ ਕਰਦੇ ਸਨ। ਜੇਕਰ ਉਹ ਕਿਸੇ ਭਗਤ ਤੇ ਮਿਹਰ ਕਰਦੇ ਸਨ ਤਾਂ ਉਸਨੂੰ ਆਪਣੇ ਦਵਾਖਾਨ ਦੀ ਦਵਾਈ ਦੇ ਕੇ ਉਸਦਾ ਇਲਾਜ ਕਰਦੇ ਸਨ। ਇਕ ਵਾਰੀ ਸਾਡੇ ਦਾਦਾ ਜੀ ਸ੍ਰੀ ਗੁਰ ਦਿੱਤਾ ਸੀ ਤਾਂ ਪੜਦਾਦਾ ਜੀ ਨੇ ਉਸਦੇ ਬਦਲੇ ਸ਼ਰੀਰ ਤਿਆਗਣ ਲਈ ਸੰਕੇਤ ਦਿੱਤਾ ਸੀ। ਠੀਕ ਇਸੇ ਤਰ੍ਹਾਂ ਦਾਦਾ ਜੀ ਦੇ ਛੋਟੇ ਭਰਾ ਸ੍ਰੀ ਅਟੱਲ ਜੀ ਨੇ ਸੱਪ ਦੁਆਰਾ

ਕੱਟ ਤੇ ਮ੍ਰਿਤ ਮੋਹਨ ਨੂੰ ਜਿਉਂਦਾ ਕਰ ਦਿੱਤਾ ਸੀ ਤਾਂ ਪੜਦਾਦਾ ਜੀ ਸ੍ਰ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਵੀ ਬਦਲੇ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਲਇ ਕਿਹਾ ਸੀ। ਅਜਿਹੀ ਹੀ ਇੱਕ ਘਟਨਾ ਕੁਝ ਦਿਨ ਪਹਿਲਾਂ ਸਾਡੇ ਪਿਤਾ ਸ੍ਰੀ ਹਰਿ ਰਾਇ ਦੇ ਸਮੇਂ ਵਿਚ ਹੋਈ ਸੀ। ਉਨ੍ਹਾਂ ਦੇ ਦਰਬਾਰ ਵਿਚ ਇੱਕ ਮ੍ਰਿਤਕ ਬਾਲਕ ਦਾ ਸਰੀਰ ਲਿਆਂਦ ਗਿਆ ਸੀ, ਜਿਸਦੇ ਪਰਿਵਾਰ ਮੈਂਬਰ ਬਹੁਤ ਵਿਰਲਾਪ ਕਰ ਰਹੇ ਸਨ। ਕੁਝ ਲੋਕ ਦਇਆ ਦੇ ਆਧਾਰ ਤੇ ਮ੍ਰਿਤਕ ਬਾਲਕ ਨੂੰ ਜਿਊਂਦਾ ਕਰਨ ਲਈ ਬੇਨਤੀ (ਅਚਜੋਈ) ਕਰ ਰਹੇ ਸਨ। ਉਹ ਕਹਿ ਰਹੇ ਸਨ ਕਿ ਜੇ ਇਹ ਬਾਲਕ ਜੀਵਿਤ ਹੋ ਜਾਂਦਾ ਤਾਂ ਗੁਰੂਘਰ ਦੀ ਮਹਿਮਾ ਬਹੁਤ ਵਧੇਗੀ।

ਪਰ ਪਿਤਾ ਜੀ ਨੇ ਸਿਰਫ਼ ਇੱਕ ਸ਼ਰਤ ਰੱਖੀ ਸੀ ਕਿ ਜਿਹੜਾ ਵਿਅਕਤੀ ਗੁਰੂਘਰ ਦੀ ਮਹਿਮਾ ਨੂੰ ਵੱਧਦਾ ਵੇਖਣਾ ਚਾਹੁੰਦਾ ਹੈ ਉਹ ਵਿਅਕਤੀ ਆਪਣੇ ਪ੍ਰਾਣਾ ਦਾ ਬਲੀਦਾਨ ਦੇ ਦੇਵੇ ਜਿਸ ਨਾਲ ਮ੍ਰਿਤਕ ਬਾਲਕ ਨੂੰਬਦਲੇ ਵਿਚ ਜੀਵਨ ਦਾਨ ਦਿੱਤਾ ਜਾ ਸਕੇ। ਉਸ ਸਮ ਭਾਈ ਭਗਤੂ ਜੀ ਦੇ ਛੋਟ ਸਪੁੱਤ ਜੀਵਨ ਜੀ ਨੇ ਆਪਣੇ ਪ੍ਰਾਣਾਂ ਦੀ ਆਹੂਤ ਦਿੱਤੀ ਸੀ। ਉਹ ਇਕਾਂ ਵਿਚ ਸਰੀਰ ਤਿਆਗ ਗਏ ਸਨ, ਜਿਸਦੇ ਬਦਲੇ ਵਿਚ ਉਸ ਮ੍ਰਿਤਕ ਬਾਲਕ (ਬ੍ਰਾਹਮਣ ਪੁੱਤਰ) ਨੂੰ ਜੀਵਨ ਦਾਨ ਦਿੱਤਾ ਗਿਆ ਸੀ। ਪਰ ਹੁਣ ਤਾਂ ਸ੍ਰੀ ਹਰਿਕ੍ਰਿਸ਼ਨ ਬਿਨ੍ਹਾਂ ਸੋਚ-ਵਿਚਾ ਦੇ ਆਤਮਬਲ ਦੀ ਵਰਤੋਂ ਕਰੀ ਜਾ ਰਹੇ ਹਨ।

ਇਹ ਗੱਲ ਸ੍ਰੀ ਹਰਿਕ੍ਰਿਸ਼ਨ ਜੀ ਦੇ ਕੰਨਾਂ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਬਹੁਤ ਗੰਭੀਰਤਾ ਨਾਲ ਲਿਆ ਉਨ੍ਹਾਂ ਨੇ ਆਤਮ-ਚਿੰਤਨ ਕਰਕੇ ਸਾਰੀਆਂ ਘਟਨਾਵਾਂ ਤੇ ਤਰਤੀਬਵਾਰ ਇੱਕ ਨਜ਼ਰ ਪਾਈ ਅਤੇ ਪ੍ਰਕਿਰਤੀ (ਕੁਦਰਤ) ਦੇ ਸਿਧਾਤਾਂ ਅਨੁਸਾਰ ਵਿਚਰਣ ਦਾ ਮਨ ਬਣਾ ਲਿਆ। ਇਸਦੇ ਅੰਤਰਗਤ ਆਪ ਜੀ ਨੇ ਆਪਣ ਜੀਵਨ ਲੀਲਾ ਰੋਗੀਆਂ ਤੇ ਨਿਛਾਵਰ ਕਰਦਿਆਂ ਆਪਣੇ ਪ੍ਰਾਣਾਂ ਦੀ ਆਹੂਦੇਣ ਦਾ ਮਨ ਬਣਾ ਲਿਆ।

ਬਸ ਫਿਰ ਕੀ ਸੀ? ਗੁਰੂਹਰਿ ਕ੍ਰਿਸ਼ਨ ਜੀ ਅਚਾਨ ਚੇਚਕ ਰੋਗ ਨਾਲ ਗ੍ਰਸਤ ਦਿਖਾਈ ਦੇਣ ਲੱਗੇ। ਬਹੁਤ ਜਲਦੀ ਹੀ ਗੁਰੂਜੀ ਦੇ ਪੂਰੇ ਸ਼ਰੀਰ ਤੇ ਫਿੰਨਸੀਆਂ ਵਿਖਾਈ ਦੇਣ ਲੱਗੀਆਂ। ਤੇਜ਼ ਬੁਖਾਰ ਹੋ ਗਿਆ। ਛੂਤ ਦਾ ਰੋਗ ਹੋਣ ਦੇ ਕਾਰਨ ਆਪ ਜੀ ਨੂੰ ਨਗਰ ਦੇ ਬਾਹਰ ਇੱਕ ਤੰਬੂ ਵਿਚ ਰੱਖਿਆ ਗਿਆ। ਰੋਗ ਦਾ ਅਸਰ ਬਹੁਤ ਤੀਬਰ ਗਤੀ ਨਾਲ ਫੈਲ ਗਿਆ। ਆਪ ਵਧੇਰੇ ਸਮਾਂ ਬੇਸੁੱਧ ਹੀ ਪਏ ਰਹਿਣ ਲੱਗ ਪਏ। ਜਦ ਆਪ ਜੀ ਚੇਤਨ ਅਵਸਥਾ ਹੋਈ ਤਾਂ ਕੁਝ ਪ੍ਰਮੁੱਖ ਸਿੱਖਾਂ ਨੇ ਆਪ ਜੀ ਦੀ ਸਿਹਤ ਦਾ ਹਾਲ ਪੁੱਛਣ ਦੀ ਇੱਛਾ ਨਾਲ ਆਪ ਜੀ ਨਾਲ ਗੱਲਬਾਤ ਕੀਤੀ। ਤਦ ਆਪ ਜੀ ਨੇ ਸੁਨੇਹਾ ਦਿੱਤਾ ਕਿ ਆਪ ਇਹ ਨਾਸ਼ਵਾਨ ਸ਼ਰੀਰ ਤਿਆਗਣ ਜਾ ਰਹੇ ਹਨ। ਇਸ ਤੇ ਸਿੱਖਾਂ ਨੇ ਆਪ ਜੀ ਨੂੰ ਪੁੱਛਿਆ ਕਿ ਉਨ੍ਹਾਂ ਬਾਅਦ ਸਿੱਖ ਸੰਗਤ ਦੀ ਅਗਵਾਈ ਕੌਣ ਕਰੇਗਾ। ਇਸ ਪ੍ਰਸ਼ਨ ਦੇ ਉੱਤਰ ਵਿਚ ਆਪ ਜੀ ਨੇ ਉਤਰਾਧਿਕਾ ਦੀ ਨਿਯੁਕਤੀ ਵਾਲੀ ਪਰੰਪਰ ਦੇ ਅਨੁਸਾਰ ਕੁਝ ਸਮੱਗਰ ਮੰਗਵਾਈ। ਉਸ ਸਮੱਗਰੀ ਨੂੰ ਬਾ ਵਿਚ ਸਜਾ ਕੇ ਸਵੇਰ ਗੁਰ ਜੀ ਦੇ ਕੋਲ ਲੈ ਗਏ। ਗੁਰੂਜੀ ਨੇ ਆਪਣੇ ਹੱਥ ਵਿ ਬਾਲ ਲੈ ਕੇ ਪੰਜ ਵਾਰ

ਘੁਮਾਇਆ, ਜਿਵੇਂ ਕਿਸ ਵਿਅਕੀਤ ਦੀ ਆਰਤੀ ਉਤਾਰ ਰਹੇ ਹੋਣ। ਫਿਰ ਗੁਰੂਜੀ ਨੇ ਬਚਨ ਕੀਤੇ, "ਬਾਬਾ ਵੱਸੇ ਬਕਾਲੇ ਪਿੰਡ" (ਬਾਬਾ ਬਕਾਲੇ ਨਗਰ ਵਿਚ ਹੈ) ਇਸ ਤਰ੍ਹਾਂ ਸੰਕੇਤਕ ਸੰਦੇਸ਼ ਦੇ ਕੇ ਆਪ ਜੀ ਜੋਤੀ-ਜੋਤ ਸਮਾ ਗਏ।

ਸ੍ਰੀ ਗੁਰ ਹਰਿ ਕ੍ਰਿਸ਼ਨ ਜੀ ਦੇ ਜੋਤੀ-ਜੋ ਸਮਾਉਣ ਦੀ ਖਬਰ ਜੰਗਲ ਵਿਚ ਅੱਗ ਦੀ ਤਰ੍ਹਾਂ ਪੂਰੇ ਦਿੱਲੀ ਸ਼ਹਿਰ ਵਿਚ ਫੈਲ ਗਈ। ਲੋਕ ਗੁਰੂਜੀ ਦੇ ਪਾਰਥਿਕ ਸ਼ਰੀਰ ਦੇ ਅੰਤਿਮ ਦਰਸ਼ਨਾਂ ਲਈ ਆਉਣ ਲੱਗੇ ਇਹ ਸਮਾਚਾਰ ਜਦੋਂ ਬਾਦਸ਼ਾਹ ਔਰੰਗਜੇ ਨੂੰ ਮਿਲਿਆ ਤਾਂ ਉਹ ਗੁਰੂਜੀ ਦੇ ਪਾਰਿਥਕ ਸ਼ਰੀਰ ਦੇ ਦਰਸ਼ਨਾ ਲਈ ਆਇਆ। ਜਦੋਂ ਉਹ ਉਸ ਤੰਬੂਵਿਚ ਪ੍ਰਵੇਸ਼ ਵਰਨ ਲੱਗਾ ਤਾਂ ਉਸਦਾ ਸਿਰ ਬਹੁਤ ਬੁਰੀ ਤਰ੍ਹਾਂ ਚਕਰਾਉਣ ਲੱਗ ਪਿਆ। ਪਰ ਉਹ ਬਲਪੂਰਵਕ ਗੁਰੂਜੀ ਦੇ ਸ਼ਰੀਰਕ ਕੋਲ ਪਹੁੰਚ ਹੀ ਗਿਆ। ਜਿਉਂ ਹੀ ਉਹ ਚਾਦਰ ਚੁੱਕ ਕੇ ਗੁਰੂਜੀ ਦੇ ਮੁੱਖੜੇ ਨੂੰ ਦੇਖ ਲਈ ਅੱਗੇ ਵੱਧਿਆ, ਤਾਂ ਉਸਨੂੰ ਕਿਸੇ ਅਦ੍ਰਿਸ਼ ਸ਼ਕਤ ਨੇ ਰੋਕ ਲਿਆ ਅਤੇ ਵਿਕਰਾਲ ਰੂਪ ਧਾਰ ਕੇ ਭੈ-ਭੀਤ ਕਰ ਦਿੱਤਾ। ਸਮਰਾਟ ਉਸੇ ਪਲ ਚੀਕਦਾ ਹੋਇਆ ਵਾਪਸ ਪਰਤ ਗਿਆ।

ਜਮੁਨਾ ਨਦੀ ਦੇ ਤੱਟ ਤੇ ਹੀ ਆਪ ਜੀ ਦੀ ਚਿਤਾ ਸਜਾਈ ਗਈ। ਆਪ ਜੀ ਨੂੰ ਅੰਤਿਮ ਵਿਦਾਈ ਦੇਂਦਿਆਂ ਹੋਇਆ ਆਪ ਜੀ ਨਾਸ਼ਵਾ ਸ਼ਰੀਰ ਦੀ ਅੰਤਿਮ ਕਿਰਿਆ ਪੂਰੀ ਕਰ ਦਿੱਤੀ ਗਈ। ਆਪ ਜੀ ਬਾਲ ਉਮਰ ਵਿਚ ਹੀ ਜੋਤੀ-ਜੋਤ ਸਮਾਂ ਗਏ ਸਨ। ਇਸ ਲਈ ਇਸ ਸਥਾਨ ਦਾ ਨਾਂ ਬਾਲ ਜੀ ਰੱਖਿਆ ਗਿਆ।

ਜੋਤੀ-ਜੋਤੀ ਸਮਾਉਣ ਦੇ ਸਮੇਂ ਆਪ ਜੀ ਦੀ ਉਮਰ ਸੱਤ ਸਾਲ ਅੱਠ ਮਹੀਨੇ ਦੀ ਸੀ। ਆਪ ਜੀ ਦੇ ਸ਼ਰੀਰ ਤਿਆਗਣ ਦੀ ਮਿਤੀ 16 ਅਪ੍ਰੈਲ ਸੰਨ 1964 ਅਨੁਸਾਰ ਤਿੰਨ ਵੈਸਾਖ ਸੰਮਤ 1721 ਸੀ।


**ਲੇਖਕ: ਜਸਬੀਰ ਸਿੰਘ**

**Ph. : (0172-2696891), 09988160484**



**Radheshyam Choudhary**

**Type Setting : 98149-66882**